ਕੋਈ ਵੀ ਵਿਅਕਤੀ ਜਦ ਆਪਣੇ ਵਿਚਾਰਾਂ, ਜਜ਼ਬਾਤਾਂ ਨੂੰ ਵਿਅਕਤ ਕਰਦਾ ਹੈ ਤਾਂ ਉਹ ਸ਼ਬਦਾਂ ਦਾ ਸਹਾਰਾ ਲੈਂਦਾ ਹੈ। ਵਿਚਾਰ ਜਦ ਸ਼ਬਦਾਂ ਦਾ ਜਾਮਾ ਪਹਿਨ ਲੈਂਦੇ ਹਨ ਤਾਂ ਇਹ ਵਾਕ, ਵਾਣੀ ਜਾਂ ਬਾਣੀ ਕਹਾਉਂਦੇ ਹਨ। ਭਾਵੇਂ ਸਾਰੇ ਸਾਰੇ ਸ਼ਬਦ ਬਾਣੀਆਂ ਹਨ। ਅਤੇ ਗੁਰੂ ਪੁਰਖਿਆਂ ਨੇ ਆਪੋਂ ਵਰਗੀਕਰਨ ਕਰਦਿਆਂ ਆਮ ਲੋਕਾਂ ਦੀ ਬਾਣੀ ਨੂੰ ਕੱਚੀ ਬਾਣੀ ਆਖਿਆ ਹੈ ਅਤੇ ਸਤਿਗੁਰਾਂ ਦੀ ਉਚਾਰੀ ਬਾਣੀ ਨੂੰ ਗੁਰਬਾਣੀ, ਧੁਰ ਕੀ ਬਾਣੀ, ਸੱਚੀ ਬਾਣੀ ਅਤੇ ਅੰਮ੍ਰਿਤ ਬਾਣੀ ਆਦਿਕ ਸ਼ਬਦਾਂ ਨਾਲ ਸਤਿਕਾਰਿਆ ਹੈ

ਇਹ ਗੁਰਬਾਣੀ, ਸਤਿਗੁਰੂ ਜੀ, ਗੁਰਦੁਆਰਾ, ਜਾਂ ਸਾਧ ਸੰਗਤ ਕੇਵਲ ਪਿਛਲੇ ਪੰਜ ਸੌ ਸਾਲਾਂ ਦੀਆਂ ਹੀ ਗੱਲਾਂ ਨਹੀਂ: ਸਗੋਂ ਆਦਿ ਕਾਲ ਤੋਂ ਹੀ ਜਦੋਂ ਤੋਂ ਮਨੁੱਖੀ ਗਿਆਨ ਦੇ ਆਧਾਰ ਰਹਿਆ ਇਹ ਪ੍ਰਗਟ ਹਨ। ਭਾਈ ਗੁਰਦਾਸ ਜੀ ਦੀ ਬਾਣੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ

- ਸੁਖ ਸਾਗਰ ਹਰੀ ਚੋਰ ਪਖਿ
  ਨਾਲਿ ਸੁ ਤਾਰਾ ਲੋਕਣ ਸਾਣੀ
  ਸਾਧ ਸੰਗਤ ਮਿਲਿ ਗਾਵਦੇ
  ਗਾਵੀ ਆਦਿ ਜੁਗਾਦਿ ਗੁਰਬਾਣੀ

- ਵਾਹੁ ਸਾਹਿਬ ਸਾਰਾ ਪੈਂਠਾ ਬਾਦਸ਼ਾਹ ਪਰਵਾਹਾ॥
  ਪੂਰਾ ਸਤਿਗੁਰੂ ਭੇਟਿਆ ਜਨ ਵਿਚ ਰੋਆ ਖਿੜੋਤਾਹਾ॥

- ਪਤਿਤ ਅਗਿਆਨ ਪਾਪ ਕਰ ਜਾਹਿ ਕਸ਼ਟ ਭੋਗਤਣੀ ਕੇ ਰਹਿਆ॥
  ਗੁਰ ਤੇ ਬੇਮੁਖ ਹੋਇਕੇ ਪਾਪ ਕਮਾਵੇ ਦੁਰਮਤਿ ਦਹਿਆ॥
  ਬਿਰਥਾ ਜਨਮ ਗਵਾਇਨ ਭਟਕਣ ਅੰਦਰ ਫਿਰਦਾ ਰਹਿਆ॥

Sri Satguru Jagjit Singh Ji eLibrary NamdhariElibrary@gmail.com

ਕੇ ਪੁਤ ਜਾਇ ਦੇਖਿਆ ਪਾਪਾਂ ਦੇ ਭਰ ਵਿੱਚੇ ਭਰਿਆ ॥
ਪੁੱਤ੍ਰ ਉਪੰਨਾ ਸਤਵਾਂ ਨਾਉਂ ਧਰਮ ਤੇ ਚਿੱਤ ਉਮਹਿਆ ॥
ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਲਿ ਨਿਬਾਹੁ ਕਰਿਆ ॥

ਸੁੰਨ ਸਮਾਧੀ ਦੇ ਬੇਅੰਤ ਵਾਰ ਬਾਰ ਜਦ ਈਸ਼ਵਰ ਸਰਗੁਣ ਸਰੂਪ ਵਿਚ ਪਰਗਟ ਹੋਇਆ ਤਾਂ ਉਹ ਸਤਿਗੁਰੂ ਦੇ ਰੂਪ ਵਿਚ ਹੀ ਦ੍ਰਿਸ਼ਟਮਾਨ ਹੋਇਆ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ

– ਆਸਾ ਦੀ ਵਾਰ

ਭਟ ਕਵੀ ਕਲ੍ਹ ਨੇ ਜ਼ਰਾ ਖੋਲ੍ਹ ਕੇ ਇਹ ਗਲ ਲਿਖ ਦਿਤੀ ਹੈ

ਸਤਿਜੁਗਿ ਤੈਂ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈਂ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਕਲਿਜੁਗ ਵਿਚ ਜਾਰੀ ਹੋਣ ਵਾਲੀ ਗੁਰੂ ਪਰੰਪਰਾ ਸਤਿਗੁਰੂ ਨਾਨਕ ਦੇਵ ਜੀ ਤੋਂ ਚਲਦੀ ਹੈ। ਇਹ ਗੁਰੂ ਰਾਜ ਅਬਿਚਲ ਅਤੇ ਅਟਲ ਹੈ। ਸਥਿਰ ਹੈ. ਸਦਾ ਹੀ ਚਲਦਾ ਰਹਿਣਾ ਹੈ

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਵਾਕ ਇਸ ਤੱਥ ਨੂੰ ਹੋਰ ਵੀ ਮਜ਼ਬੂਤੀ ਨਾਲ ~~ਸਾਬਤ~~ ਪ੍ਰਮਾਣਿਤ ਕਰਦਾ ਹੈ

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ ॥ – ਪੰਨਾ ੭੯

Sri Satguru Jagjit Singh Ji eLibrary NamdhariElibrary@gmail.com

ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਗੁਰੂਆਂ ਦੇ ਆਗਮਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਬਚਿਤ੍ਰ ਨਾਟਕ ਵਿਚ ਵੀ ਕੀਤਾ ਹੈ

ਚੌਪਈ

ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਟਿ ਉਪਾਰਾ।
ਕਾਲਸੈਨ ਪ੍ਰਥਮੈ ਭਇਓ ਭੂਪਾ। ਅਧਿਕ ਅਤੁਲ ਬਲਿ ਰੂਪ ਅਨੂਪਾ।
ਕਾਲਕੇਤੁ ਦੂਸਰ ਭੂਅ ਭਇਓ। ਕ੍ਰੂਰਬਰਸ ਤੀਸਰ ਜਗਿ ਠਯੋ।
ਕਾਲਧੁਜ ਚਤੁਰਥ ਨ੍ਰਿਪ ਸੋਹੈ। ਜਿਹ ਤੇ ਭਯੋ ਜਗਤ ਸਭ ਕੋ ਹੈ।

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਪਰਮੇਸ਼ਰ ਨੇ ਆਪਣਾ ਪਸਾਰ ਕੀਤਾ ਤਾਂ ਓਅੰਕਾਰ ਈਸ਼ਵਰੀ ਸ਼ਕਤੀ ਤੋਂ [illegible] ਸਿਸਟਮ ਪੈਦਾ ਕੀਤਾ। ਸਭ ਤੋਂ ਪਹਿਲਾਂ ਕਾਲਸੈਨ ਵਿਸ਼ਨੂੰ ਪੈਦਾ ਹੋਏ ਦੂਸਰੇ ਕਾਲਕੇਤੁ, ਬ੍ਰਹਮਾ ਅਤੇ ਕ੍ਰੂਰਬਰਸ ਸ਼ਿਵਜੀ ਤੀਸਰੇ ਸਥਾਪਤ ਹੋਏ। ਚੌਥੇ ਨੰਬਰ ਕਾਲਧੁਜ ਦੈਗਾਰ ਸਰੂਪ ਕਾਲਪੁਰਖ ਅਤੇ ਵਿਸ਼ਨੂੰ ਜਾਂ ਨਿਰੰਕਾਰ ਰਾਮ ਹੋਏ ਜਿਨ੍ਹਾਂ ਤੋਂ ਸਾਰਾ ਵਿਸ਼ਵ ਜਗਤ ਉਤਪੰਨ ਹੋਇਆ।

ਇਸ ਤਰ੍ਹਾਂ ਆਪ ਆਦਿ ਕਾਲ ਤੋਂ ਈਸ਼ਵਰੀ ਸ਼ਕਤੀ ਦੇ ਰੋਸ਼ਨੀ ਪ੍ਰਤਿਨਿਧਾਂ ਦਾ ਆਰੰਭ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦਾ ਵੇਰਵਾ ਇਤਿਹਾਸ ਸ੍ਰਿਸ਼ਟੀ ਦੇ ਸੂਰਜ ਬੰਸ ਦੀ ਉਤਪਤੀ ~~ਅਤੇ ਦੇਵਤਾਂ ਤਕ~~, ਰਾਮ ਅਵਤਾਰ, ਤਕ ਲਵ ਕੁਸ਼ ਅਤੇ ਅੱਗੋਂ ਉਨ੍ਹਾਂ ਦੇ ਵੰਸ਼ਜਾਂ ਦੀ ਸੋਢੀ ਕੁਲ ਦੇ ਦੇ ਉੱਚ ਸਿਖਰਾਂ ਵਿਚ ਬੇਦੀਆਂ ਤੇ ਸੋਢੀ ਕੁਲ ਵਿਚ ਗੁਰੂ ਨਾਨਕ ਦੇਵ ਜੀ ਅਤੇ ਆਪਣੇ ਪਰਿਵਾਰ ਹੋਣ ਦਾ ਵਰਣਨ ਕੀਤਾ ਹੈ। ਉਨ੍ਹਾਂ ਤਾਂ ਆਪਣੇ ਮਾਤਾ ਪਿਤਾ ਅਤੇ ਆਪਣੇ ਪੂਰਬਲੇ ਜਨਮਾਂ ਨੂੰ ਵੀ ਪ੍ਰਕਾਸ਼ਿਤ ਕੀਤਾ ਹੈ। ⊙ →

ਭਾਈ ਗੁਰਦਾਸ ਗੁਰਮਤਿ ਅਧਿਕਾਰਤ ਅਤੇ ਮਹਾਨ ਵਿਆਖਿਆਕਾਰ ਹੋਏ ਹਨ। ਉਨ੍ਹਾਂ ਸਤਿਗੁਰੂ ਦੇ ਸ਼ਬਦਾਂ ਉੱਤੇ ਵਿਸਥਾਰ ਸਹਿਤ ਵਿਖਿਆ ਹੈ। ਵਾਰਾਂ ਵਿਚ ਹੀ ਸਤਿਗੁਰੂ ਅਤੇ ਉਨ੍ਹਾਂ ਦੇ ਨਾਮ ਦੀ ਮਹਿਮਾ ਲਿਖੀਆਂ ਉਹ ਬਾਣੀ ਉਚਾਰਦੇ ਹਨ

>

(1) → ਦਸਮ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਚਲੀ ਗੁਰ ਪ੍ਰਣਾਲੀ ਦੇ ਸਿਧਾਂਤ ਨੂੰ ਦੀਪਕ ਤੋਂ ਦੀਪਕ ਜਗਾਣ ਦੀ ਪ੍ਰਕਿਰਿਆ ਕਹਿ ਕੇ ਇਸ ਨੂੰ ਅਨੰਤ ਕਾਲ ਤਕ ਜਗਦੇ ਰਹਿਣ ਦਾ ਸੰਕੇਤ ਦਿਤਾ। ਤੇ ਕਿਉਂਕਿ ਦੀਪਕ ਤੋਂ ਦੀਪਕ ਜਗਾਣ ਦੀ ਕਾਲ ਸੀਮਾ ਨਹੀਂ ਹੁੰਦੀ। ਆਪ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ

ਨਾਨਕ ਅੰਗਦਿ ਕੋ ਬਪੁ ਧਰਾ
ਧਰਮ ਪ੍ਰਚੁਰਿ ਇਹ ਜਗ ਮੋ ਕਰਾ।
ਅਮਰ ਦਾਸ ਪੁਨਿ ਨਾਮੁ ਕਹਾਯੋ
ਜਨੁ ਦੀਪਕ ਤੇ ਦੀਪ ਜਗਾਯੋ।

ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ ।
ਦੁਆਪਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ ।
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇਂ ਸੁਖੁ ਪਾਵੈ ।
ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ ।
ਚਾਰੋਂ ਅਛਰ ਇਕੁ ਕਰ ਵਾਹਗੁਰੂ ਜਪ ਮੰਤ੍ਰ ਜਪਾਵੈ ।
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ ॥੪੯॥੧॥

ਸ੍ਰੀ ਆਦਿ ਗ੍ਰੰਥ ਸਾਹਿਬ ~~ਦੀ ਸਮੁਚੀ ਬਾਣੀ~~ ਵਿਚ ਦਰਜ ਸਮੁਚੀ ਬਾਣੀ ਸਤਿਗੁਰੂ ਦੀ ਮਹਿਮਾ ਨਾਲ ਭਰਪੂਰ ਹੈ। ਸਤਿਗੁਰੂ ਦੀ ਕ੍ਰਿਪਾ ਅਰਥਾਤ 'ਗੁਰਪ੍ਰਸਾਦਿ' ਬਾਣੀ ਦਾ ਮੁਖ ਧੁਰਾ ਹੈ। ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਬਹੁਤ ਵਿਸਥਾਰ ਵਿਚ ਗੁਰੂ ਦੇ ਪਾਵਨ ਸਰੂਪ, ਗੁਰੂ ਦੀ ਪ੍ਰਭੁਤਾ ~~ਅਤੇ~~, ਗੁਰੂ ਦੇ ਕਰਤੱਵ ਅਤੇ ਮਨੁਖ ਨੂੰ ਗੁਰੂ ਦੀ ਲੋੜ ਤੇ ਭਰਪੂਰ ਚਾਨਣਾ ਪਾਇਆ ਹੈ।

ਈਸ਼ਵਰ ਦੀ ਏਕਤਾ ਕਰਾਉਣ ਵਾਲਾ, ਉਸ ਨੂੰ ਮਿਲਾਉਣ ਵਾਲਾ, ਉਸ ਦਾ ਪ੍ਰਤਿਬਿੰਬ, ਉਸ ਦਾ ਸਰੂਪ ਸਤਿਗੁਰੂ ਹੀ ਹੈ। ਹਰੀ ਨੂੰ ਮਿਲਣ ਵਾਲਾ ਮਾਰਗ ਗੁਰੂ ਹੀ ਹੈ। ਗੁਰੂ ਅਗਿਆਨ ਦਾ ਹਨੇਰਾ ਦੂਰ ਕਰਨ ਵਾਲਾ ਦੀਪਕ ਹੈ, ਉਹ ਦਾਤਾਰ ਹੈ, ਤਪਦੇ ਹਿਰਦਿਆਂ ਵਿਚ ਠੰਢ ਵਰਤਾਉਣ ਵਾਲਾ ਹੈ। ਉਸ ਆਪ ਹੀ ਪੰਜੇ ਵਿਕਾਰ ਵਸ ਵਿਚ ਕੀਤੇ ਹੋਏ ਹਨ ਅਤੇ ਆਪਣੇ ਸਿਖਾਂ ਦੇ ਵੀ ਪੰਜੇ ਅਸਾਧ ਰੋਗ- ਕਾਮ ਕ੍ਰੋਧ ਲੋਭ ਮੋਹ ਹੰਕਾਰ ਨਵਿਰਤ ਕਰਦਾ ਹੈ। ਉਹ ਪੂਰਾ ਵੈਦ ਹੈ, ਉਹ ਸੁਖਾਂ ਦਾ ਸਾਗਰ ਹੈ, ਨਿਰਵੈਰ ਹੈ। ਉਹ ਆਪਣੇ ਹੀ ਨਿੰਦਕਾਂ, ਦੋਖੀਆਂ ਅਤੇ ਬੇਮੁਖਾਂ ਨੂੰ ਵੀ ਤਾਰਦਾ ਹੈ। ਉਹ ਨੇਤਰਹੀਣਾਂ ਨੂੰ ਵੀ ਆਪ ਬਾਂਹੋਂ ਫੜ ਕੇ ਪਾਰ ਲਿਆਉਂਦਾ ਹੈ। ਉਹ ਆਪ ਮੁਕਤ ਹੈ ਅਤੇ ਸੰਸਾਰ ਨੂੰ ਮੁਕਤੀ ਦਵਾਉਂਦਾ ਹੈ। ਗੁਰੂ ਪਾਰਸ, ~~ਚੰਦਨ~~ ਬਾਵਨ ਚੰਦਨ

Sri Satguru Jagjit Singh Ji eLibrary NamdhariElibrary@gmail.com

ਪਰਿਵਾਰ, ਆਣ ਲੋੜੀਂਦਾ ਹੈ। ਗੁਰੂ ਐਸਾ ਤੀਰਥ ਹੈ ਜਿਸ ਦੀ ਸ਼ਰਣ ਵਿਚ ਅਠਾਹਠ ਤੀਰਥ ਹਨ। ਉਹ ਨਾਮਾਂ ਦਾ ਨਾਵ ਅਤੇ ਬੇੜੀ ਰੂਪ ਹੈ.... ਦੀ ਅਨਗਿਣਤ ਵਿਸ਼ੇਸ਼ਣ ਹਨ ਜੋ ਸੱਚੇ ਸਤਿਗੁਰੂ ਨਾਲ ਜੁੜਦੇ ਹਨ। ਇਨ੍ਹਾਂ ਨੂੰ ਲਿਖਣਿਆਂ ਤਾਈਂ ਸਾਰੀ ਧਰਤੀ ਹੀ ਥੋੜੀ ਆਵੇ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਪਰਉਪਕਾਰੀ ਗੁਰੂ ਨੇ ਮੈਨੂੰ ਨਾਮ ਦਿੱਤਾ ਹੈ। ਗੁਰੂ ਦਾ ਮਾਤਾ ਅਤੇ ਪਿਤਾ ਧੰਨ ਹਨ। ਜਿਸ ਸਤਿਗੁਰ ਆਪਣੇ ਨੂੰ ਮਿਲ ਕੇ ਮੈਨੂੰ ਨਾਮ ਦਾ ਪਤਾ ਲੱਗਾ ਹੈ ਉਸ ਸਤਿਗੁਰੂ ਨੂੰ ਮੈਂ ਸਦਾ ਨਮਸਕਾਰ ਕਰਦਾ ਹਾਂ

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਤਿਸੁ ਸਤਿਗੁਰ ਅਪੁਨੇ ਕਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥ - ਪੰਨਾ ੫੬੨

ਇਹ ਸਤਿਗੁਰੂ ਦੀ ਸਿਫ਼ਤ ਹੈ ਕਿ ਉਹ ~~ਆਪਣੇ ਸਿੱਖਾਂ ਨੂੰ~~ ਆਪ ਵੀ ਨਾਮ ਜਪਦਾ ਹੈ ਅਤੇ ਸਿੱਖਾਂ ਨੂੰ ਵੀ ਨਾਮ ਦਿੰਦਾ ਹੈ

ਉਹ ਮਾਤਾ ਪਿਤਾ ਵਾਂਗ ਨੂਰ ਵਰਸਾ ਦੀ ਰੋਇਆ ਹੈ

ਇਕ ਹੋਰ ਵਿਸ਼ੇਸ਼ ਸਿਫ਼ਤ ਉਸ ਵਿਚ ਹੈ ਕਿ ਉਹ ਅੰਮ੍ਰਿਤ ਦਾ ਭੰਡਾਰੀ ਹੈ।

ਜਦੋਂ ਤੋਂ ਇਤਿਹਾਸ ਦਾ ਗਿਆਨ ਹੈ ਜਾਂ ਗਿਆਨ ਦਾ ਇਤਿਹਾਸ ਹੈ, ਦੇਵਤੇ, ਮਨੁੱਖ, ਰਿਸ਼ੀਸ਼ੁਰ, ਮੁਨੀਜਨ ਅੰਮ੍ਰਿਤ ਨੂੰ ਖੋਜਦੇ ਆ ਰਹੇ ਹਨ। ਇਹ ਅੰਮ੍ਰਿਤ ਸਤਿਗੁਰੂ ਦੇ ਕੋਲ ਹੈ। ਵਾਹਿਗੁਰੂ ਦਾ ਨਾਮ ਸਤਿਗੁਰੂ ਵਿਚ ਸਥਾਪਤ ਹੈ। ਸਤਿਗੁਰੂ ਨਾਮ ਨਾਲ ਰਚਾ ਰਚ ਹੈ। ਇਹ ਨਾਮ ਹੀ ਅੰਮ੍ਰਿਤ ਹੈ। ਸਤਿਗੁਰੂ ਨਾਮ ਅੰਮ੍ਰਿਤ ਦੀ ਦਾਤ ਵੰਡਦਾ ਹੈ। ਸਤਿਗੁਰੂ ਦੇ ਦਰਸ਼ਨ ਅਕਥ ਬਾਣੀ ਵਿਚ ਅੰਮ੍ਰਿਤ ਹੈ। ਸਤਿਗੁਰੂ ਦੀ ਨਜ਼ਰ ਵਿਚ ਅੰਮ੍ਰਿਤ ਹੈ।

>

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਦੀ ਕਥਾ, ਸਤਿਗੁਰੂ ਦੇ ਦਰਸ਼ਨ ਅਤੇ ਭਾਣੇ ਵਿਚ ਹੀ ਅੰਮ੍ਰਿਤ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਗੂੜ੍ਹੇ ਤਜਰਬੇ ਦੀ ਬਿਨਾ ਤੇ ਇਹ ਗੱਲ ਲਿਖੀ ਹੈ।

ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ, ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤੁ ਨਾਮੁ ਧਿਆਵਣਿਆ ॥ ੧ ॥
ਰਹਾਉ ॥ ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ
ਸਦਾ ਨੈਣੀ ॥ ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ,
ਅਵਰਾ ਆਖਿ ਸੁਨਾਵਣਿਆ ॥੨॥ ਅੰਮ੍ਰਿਤ ਰੰਗਿ ਰਤਾ
ਲਿਵ ਲਾਏ ॥ ਅੰਮ੍ਰਿਤੁ ਗੁਰਪ੍ਰਸਾਦੀ ਪਾਏ ॥ ਅੰਮ੍ਰਿਤੁ ਰਸਨਾ
ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ, ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ, ਅੰਮ੍ਰਿਤ ਸਬਦ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
ਕਿਉਕਰਿ ਵੇਖਾ ਕਿਉ ਸਾਲਾਹੀ ॥ ਗੁਰ ਪਰਸਾਦੀ ਸਬਦਿ ਸਲਾਹੀ ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੇ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ
ਜਾਵਣਿਆ ॥੮॥ ਮਾਝ ਮਹਲਾ ੩ ਪੰਨਾ ੧੧੮-੧੧੯ >

ਸਤਿਗੁਰੂ ਤਾਂ ਅੰਮ੍ਰਿਤ ਬਾਣੀ ਵਰਤਾਉਂਦੇ ਹਨ। ਗੁਰੂ ਦੁਆਰਾ ਹੀ ਇਹ ਉਪਜਦੀ ਹੈ। ਗੁਰੂ ਦੁਆਰਾ ਹੀ ਇਹ ਜਾਣੀ ਜਾਂਦੀ ਹੈ।

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ — ਸੂਹੀ ਕ੍ਰਿਤ ਮ: ੩

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥

ਪ੍ਰਭਾਤੀ ਮ: ੩ - ੧੩੪੬

—

ਸਤਿਗੁਰੂ ਜੀ ਦੁਆਰਾ ਉਚਾਰੀ ਬਾਣੀ ਗੁਰੂ ਤੁਲ ਵਡੀ ਬਾਣੀ ਹੈ। ਸਭ ਬਾਣੀਆਂ ਤੋਂ ਸਰੇਸ਼ਟ ਹੈ। ਇਸ ਵਿਚ ਸਾਰੇ ਅੰਮ੍ਰਿਤ ਹਨ

ਗੁਰੂ ਕੀ ਬਾਣੀ ਰਾਹੀਂ ਗੁਰੂ ਜੀ ਦੇ ਅੰਮ੍ਰਿਤ ਭਰੇ ਵਿਚਾਰ ~~ਸਾਡੇ~~ ਜੀਵ ਦੇ ਮਨਾਂ ਤਕ ਪਹੁੰਚਦੇ ਹਨ, ਅਤੇ ਇਹ ਹੀ ਬਾਣੀ ਸਾਨੂੰ ਗੁਰੂ ਤਕ ~~ਪਹੁੰਚਾਉਂਦੀ ਹੈ~~ ਪਹੁੰਚਾਣ ਦੇ ਸਮਰਥ ਹੈ। ਇਹ ਗੁਰਨਾਮ ਹੈ। ਇਹ ਮਾਧਿਅਮ ਹੈ। ਜੇ ਖਿਨ ਭਰ ਇਸ ਨੂੰ ਉਚਾਰੀਏ ਤਾਂ ਇਸ ਦਾ ਫਲ ਗੁਰਨਾਮ ਹੈ। ਜੇ ਹਰ ਦਮ ਇਸ ਵਿਚ ਰਮੀਏ ਤਾਂ ਜਮ ਨੇੜੇ ਨਹੀਂ ਢੁਕਦਾ ਅਤੇ ਹਰੀ ਕੋਲ ਦੁਆਰੇ ਹਰ ਵੇਲਾ ਸਾਡੇ ਕੋਲ ਰਹਿੰਦਾ ਹੈ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ

" ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ
ਹਰਿ ਕੰਠ ਨਾਨਕ ਉਰਿ ਹਾਰੀ ਹੇ "

->

Sri Satguru Jagjit Singh Ji eLibrary NamdhariElibrary@gmail.com

ਆਦਿ ਕਾਲ ਵੇਲੇ ਜਦੋਂ ਅਜੇ ਲਿਖਤ ਵਾਲੇ ਸ਼ਬਦਾਂ ਦਾ ਆਵਿਸ਼ਕਾਰ ਨਹੀਂ ਸੀ ਹੋਇਆ ਤਾਂ ਬਾਣੀ ਸਿਰਫ਼ ਚੇਤੇ ਵਿਚ ਹੀ ਸਾਂਭੀ ਜਾਂਦੀ ਸੀ। ਇਸ ਨੂੰ ਚਿਰ ਸਥਾਈ ਬਣਾਉਣ ਵਾਸਤੇ ਛੰਦਾ ਬੰਦੀ ਜਾਂ ਕਵਿਤਾ ਦਾ ਮਾਧਿਅਮ ਵਰਤਿਆ ਗਿਆ। ਇਸ ਨੂੰ ਵਿਦਵਾਨ ਲੋਗ ਰੋਜ਼ ਪੜ੍ਹ ਕੇ ਯਾਦ ਕਰਦੇ ਰਹੇ। ਜੁਗਾਂ ਤੱਕ ਜ਼ਬਾਨੀ ਹੀ ਯਾਦ ਕਰਦੇ ਰਹੇ। ਜਿਹੜੇ ਲੋਕ ਇਸ ਬੰਦਗੀ ਬਾਣੀ ਦੇ ਪੰਡਿਤ ਹੋ ਗਏ, ਉਹ ਪੂਜੇ ਜਾਣ ਲੱਗੇ। ਫੇਰ ਜਦੋਂ ਸ਼ਬਦਾਂ ਨੂੰ ਲਿਪੀ ਬੱਧ ਕੀਤਾ ਜਾਣ ਲੱਗਾ, ਲਿਖਿਆ ਜਾਣ ਲੱਗਾ ਤਾਂ ਉਹ ਸਿਆਹੀ ਅਤੇ ਕਾਗਜ਼ ਬੰਦ ਹੋ ਗਏ। ਸਮੇਂ ਦੇ ਸਤਿਗੁਰੂ ਨੇ ਬਾਣੀ ਦੇ ਸੰਚਾਰ ਵਾਸਤੇ ਉਹ ਆਪਣੇ ਵਕਤ ਦੇ ਸਾਧਨ ਵਰਤੇ। ਬਾਣੀ ਨੂੰ ਕਵਿਤਾ ਵਿਚ ਉਚਾਰਨ, ਲਿਖਤ ਵਿਚ ਲਿਆਉਣ ਤੋਂ ਬਾਦ ਇਸ ਨੂੰ ਗਾਇਨ ਅਤੇ ਸੰਗੀਤ ਦੁਆਰਾ ਸੰਚਾਰਿਤ ਕੀਤਾ। ਅਤੇ ਸਤਿਗੁਰੂ ਸਾਹਿਬਾਨ ਨੇ ਇਸ ਧੁਰ ਕੀ ਬਾਣੀ ਨੂੰ ਆਪਣੇ ਰਾਗ ਦੁਆਰਾ ਗਾਇਆ ਅਤੇ ਕਲਾਕਾਰ ਰਾਗੀਆਂ ਪਾਸੋਂ ਗਵਾਇਆ। ਉਹ ਰਾਗ, ਉਹ ਰਾਗੀ, ਉਹ ਸਾਜ਼ ਅਤੇ ਸਾਜ਼ੀ ਵੀ ਬੰਦ ਹੋ ਗਏ। ਅਜ ਤਕ ਭਾਈ ਮਰਦਾਨੇ ਦੀ ਰਬਾਬ ਲੋਕ ਮਨਾਂ ਵਿਚ ਪਾਵਨ ਸਥਾਨ ਰਖਦੀ ਹੈ।

ਸਤਿਗੁਰੂ ਸਾਹਿਬਾਨ ਨੇ ਬਾਣੀ ਉਚਾਰਨ ਕੀਤੀ, ਲਿਖੀ, ਲਿਖਵਾਈ ਅਤੇ ਇਕੱਤਰ ਕੀਤੀ। ਸਤਿਗੁਰੂ ਨਾਨਕ ਦੇਵ ਜੀ ਨੇ ਦੇਸ਼ ਦਿਸਾਂਤਰ ਦੇ ਗਮਨ ਸਮੇਂ ਬਾਣੀ ਦਾ ਸੰਗ੍ਰਹਿ ਨਾਲ ਰਖਿਆ। ਭਾਈ ਗੁਰਦਾਸ ਜੀ ਅਨੁਸਾਰ ਜਦੋਂ ਬਾਬਾ ਨਾਨਕ ਜੀ ਮੱਕੇ ਗਏ ਤਾਂ ਉਸ ਵੇਲੇ ਉਨ੍ਹਾਂ ਪਾਸ ਕਿਤਾਬ ਸੀ।

ਬਾਬਾ ਫਿਰਿ ਮਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ ॥
ਆਸਾ ਹਥਿ ਕਿਤਾਬ ਕਛਿ, ਕੂਜਾ ਬਾਂਗ ਮੁਸਲਾ ਧਾਰੀ ॥



Sri Satguru Jagjit Singh Ji eLibrary NamdhariElibrary@gmail.com

ਲਿਖਾਇਆ

ਜਦ ਗੁਰੂ ਜੀ ਨੇ ਗੁਰਬਾਣੀ ਨੂੰ ਲਿਖਿਆ/ਤਾਂ ਉਸ ਲਿਖਤ ਦੀ ਲਿਖੀ ਗੁਰਮੁਖੀ 'ਚ ਗਈ। ਉਸ ਸਾਧਾਰਨ ਕਾਗਜ਼, ਕਲਮ, ਦਵਾਤ, ਸਿਆਹੀ ਅਤੇ ਲਿਖਾਰੀ ਸਭ ਪੂਜਨੀਕ ਅਤੇ ਧੰਨ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਆਪ ਹੀ ਕਿਹਾ ਹੈ

ਧੰਨੁ ਸੁ ਕਾਗਦੁ ਕਲਮ ਧੰਨੁ
ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ ॥ ਪੰਨਾ ੧੨੯੧

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਹਾਨ ਉਪਕਾਰ ਕੀਤਾ। ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਸੰਤਾਂ ਫਕੀਰਾਂ ਦੀ ਬਾਣੀ ਦਾ ਸੰਗ੍ਰਹਿ ਅਤੇ ਸੰਪਾਦਨ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਰਾਗਾਂ ਦੇ ਸਿਰਲੇਖ ਵਾਰਾਂ ਦੇ ਸਿਰਲੇਖ ਇਸੇ ਕਰਕੇ ਹੀ ਲਿਖੇ ਗਏ ਤਾ ਕਿ ਗੁਰੂ ਜੀ ਦੀ ਬਾਣੀ ਵਧ ਤੋਂ ਵਧ ਲੋਕਾਂ ਤਕ ਪਹੁੰਚੇ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਮਹਾਨ ਕਾਰਜ ਸੀ ਜੋ ਉਹਨਾਂ ਨੇ ਗੁਰੂ ਦੀ ਹਸਤੀ, ਗੁਰੂ ਦੀ ਮਹਾਨਤਾ ਅਤੇ ਗੁਰੂ ਦੀ ਸਿਖਿਆ ਗੁਰੂ ਪ੍ਰਨਾਲੀ ਦੇ ਸਿਧਾਂਤ ਨੂੰ ਸਥਾਪਤ ਕਰਨ ਦਾ ਕਈ ਜੁਗਾਂ ਵਿਚੋਂ ਸਭ ਤੋਂ ਵਡਾ ਗਰੰਥ ਤਿਆਰ ਕੀਤਾ। ਗੁਰੂ ਸਾਹਿਬ ਨੇ ਜੋ ਅਧਿਆਤਮਕ ਸੰਗਠਨ ਕਾਇਮ ਕੀਤਾ ਉਸ ਦਾ ਸਭ ਕੁਝ ਗੁਰੂ ਹੀ ਸੀ। ਸਿਖ ਜਗਤ ਵਿਚ ਗੁਰੂ ਸ਼ਬਦ ਹਰ ਥਾਂ ਵਿਆਪਕ ਹੈ,

ਗੁਰਬਾਣੀ - ਗੁਰੂ ਕੀ ਬਾਣੀ; ਗੁਰੂ ਗਰੰਥ - ਗੁਰੂ ਦਾ ਗ੍ਰੰਥ, ਗੁਰੂਦੁਆਰਾ - ਗੁਰੂ ਦਾ ਦਰ, ਗੁਰੂ ਪੰਥ - ਗੁਰੂ ਦਾ ਰਸਤਾ; ਗੁਰ ਇਤਿਹਾਸ - ਗੁਰੂ ਜੀ ਦਾ ਇਤਿਹਾਸ, ਗੁਰੂ ਨਗਰੀ ਅਮ੍ਰਿਤਸਰ ਗੁਰੂ ਦੀ ਨਗਰ ਆਦਿ ਆਦਿ ਅਨੇਕਾਂ ਨਾਮ ਹਨ ਜੋ ਗੁਰੂ ਦੀ ਪ੍ਰਮੁਖਤਾ ਦਰਸਾਂਦੇ ਹਨ।

ਗੁਰੂ ਦੀ ਆਜ਼ਾਦ ਹਸਤੀ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਗੁਰੂ ਦਰ ਸਿਖ ਹੋਣ ਕਾਰਨ ਇਕ ਵਿਸ਼ ਸ਼ਕਤੀ ਦਾਰਾ ਮਜ਼ਬੂਤ ਸੰਗਠਨ ਬਣ ਗਿਆ। ਇਤਿਹਾਸ ਨੇ ਕਈ ਵਾਰ ਸਾਬਤ ਕੀਤਾ ਕਿ ਗੁਰੂ ਸੁਤੰਤਰ ਅਤੇ ਸਰਬੋਤਮ ਹਸਤੀ ਹੈ। ਜਦੋਂ ਕੁਝ ਲੋਕਾਂ ਨੇ ਗੁਰੂ ਨੂੰ ਛੱਡ ਕੇ ਗੁਰਬਾਣੀ ਦੀ ਬੀੜ



Sri Satguru Jagjit Singh Ji eLibrary NamdhariElibrary@gmail.com

ਨੂੰ ਹੀ ਗੁਰਿਆਈ ਦੀ ਸਨਦ ਸਮਝ ਲਿਆ ਤਾਂ ਉਹ ਫੇਰ ਗੁਰੂ ਦਾਅਵਤੀ ਤੇ ਆਪਣਾ ਜ਼ੋਰਸ਼ੋਰ ਪਰਚਾਰ ਕੀਤਾ। ਇਤਿਹਾਸ ਦੱਸਦਾ ਹੈ ਕਿ ਆਦਿ ਬੀੜ ਨੂੰ ਧੀਰਮਲ ਹੋਰਾਂ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਦੋਂ ਮੱਖਣ ਸ਼ਾਹ ਲੁਬਾਣਾ ਦੀ ਕਿਆਦਤ ਵਿਚ ਸਿੱਖਾਂ ਨੇ ਗੁਰੂ ਜੀ ਦਾ ਸਾਰਾ ਸਾਮਾਨ ਧੀਰਮਲ ਤੋਂ ਖੋਹ ਲਿਆ ਤਾਂ ਨਾਲ ਬੀੜ ਵੀ ਲੈ ਆਂਦੀ। ਗੁਰੂ ਤੇਗ ਬਹਾਦਰ ਜੀ ਨੇ ਸਮੇਤ ਬੀੜ ਸਾਰਾ ਸਮਾਨ ਵਾਪਸ ਕਰਨ ਲਈ ਕਿਹਾ। ਜਦ ਗੁਰੂ ਜੀ ਬਾਬਾ ਬਕਾਲਾ ਤੋਂ ਕੀਰਤਪੁਰ ਨੂੰ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਕਹਿਣ ਦੇ ਬਾਵਜੂਦ ਵੀ ਸਿੱਖਾਂ ਨੇ ਬੀੜ ਨਾਲ ਲੈ ਆਂਦੀ ਹੈ ਤਾਂ ਉਨ੍ਹਾਂ ~~ਸਖ਼ਤ ਹੁਕਮ ਦਿਤਾ ਕਿ ਇਸ ਨੂੰ~~ ਨਾਰਾਜ਼ਗੀ ~~ਜ਼ਾਹਰ~~ ਪਰਗਟ ਕਰਦਿਆਂ ਬੀੜ ਵਾਪਸ ਕਰਨ ਲਈ ਕਿਹਾ। ਜਦ ਕੋਈ ਸਿੱਖ ਇਹ ਬੀੜ ਕਰਨ ਨੂੰ ਤਿਆਰ ਨਾ ਹੋਇਆ ਤਾਂ ਆਪ ਜੀ ਨੇ ਦਰਿਆ ਬਿਆਸ ਦੇ ਸਪੁਰਦ ਇਹ ਬੀੜ ਕੀਤੀ। ਬਾਦ ਵਿਚ ਗੁਰੂ ਤੇਗ ਬਹਾਦਰ ਜੀ ਦਾ ਸਾਪ ਅਸ਼ੀਰਵਾਦ ਵਿਚ ਲੈਣ ਉਪਰੰਤ ਇਹ ਬੀੜ ਧੀਰਮਲ ਜੀ ਨੂੰ ਪ੍ਰਾਪਤ ਹੋਈ। ਗੁਰੂ ਜੀ ਦੇ ਹੁਕਮ ਕਾਰਨ ਹੀ ਇਹ ਸਭ ਕੁਝ ਹੋਇਆ ਅਤੇ ਬੀੜ ਦਰਿਆ ਦੇ ਪਾਣੀ ਵਿਚ ਵੀ ਸੁਰੱਖਿਅਤ ਰਹੀ। ਇਤਿਹਾਸ ਦੱਸਦਾ ਹੈ ਕਿ ਇਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਬੀੜ ਅਗਨੀ ਤੋਂ ਵੀ ਸੁਰੱਖਿਅਤ ਰਹੀ। ਗੁਰੂ ਤੇਗ ਬਹਾਦਰ ਬਗੈਰ ਬੀੜ ਦੇ ਹੀ ਕੀਰਤਪੁਰ ਗਏ। ਗੁਰੂ ਤੇਗ ਬਹਾਦਰ ਜੀ ਦੀ ਕੀਰਤੀ ਅਜ ਵੀ ਲੋਕਾਂ ਵਿਚ ਹੋਣ ਦਾ ਬਲ ਜਿਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਦੇ ਆਸ਼ੇ ਗੁਰਿਆਈ ਦਰਸਾਉਣੀ ਚਾਹੀ ਉਨ੍ਹਾਂ ਧੀਰਮਲ ਅਤੇ ਅਜਿਹੇ ਲੋਕ ਇਤਿਹਾਸ ਦੀ ਧੂੜ ਵਿਚ ਖੱਪ ਗਏ ਹਨ। ਇਸ ਪਰਸੰਗ ~~ਵਿਚ~~ ਤੋਂ ਕਬੀਰ ਜੀ ਦੇ ਇਸ ਪ੍ਰਸ਼ਨ ਦਾ ਉੱਤਰ ਮਿਲ ਜਾਂਦਾ ਹੈ ਕਿ

ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥
ਬੇਦ ਬਡਾ ਕਿ ਜਹਾਂ ਤੇ ਆਇਆ ॥



Sri Satguru Jagjit Singh Ji eLibrary NamdhariElibrary@gmail.com

ਗੁਰੂ ਤੇਗ ਬਹਾਦਰ ਜੀ ਨੂੰ ਤਾਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਵੀ ਨਾ ਕਰਨ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਜੀ ਵਕਤ ਦੀ ਬੀੜ ਕਰਤਾਰਪੁਰ ਹੀ ਰਹੀ ਅਤੇ ਆਪ ਦੀ ਸਾਰੀ ਉਮਰ ਸ੍ਰੀ ਅੰਮ੍ਰਿਤਸਰ ਨਾ ਆਏ। ਪਰ ਜਿਥੇ ਜਿਥੇ ਨਗਰਾਂ ਰੇਗਿਸਤਾਨਾਂ ਅਤੇ ਪਹਾੜਾਂ ਨੂੰ ਆਪ ਦੀ ਚਰਨ ਛੋਹ ਪ੍ਰਾਪਤ ਹੋ ਗਈ ਉਥੇ ਉਥੇ ਗੁਰਦੁਆਰੇ ਉਸਰ ਗਏ।

ਅਜ ਕਲਿਆਣਕਾਰੀ ਗੁਰਬਾਣੀ ਦੇ ਬੇਅੰਤ ਅਖੰਡ ਅਤੇ ਸਹਿਜ ਪਾਠ ਹੋ ਰਹੇ ਹਨ। ਗੁਰਬਾਣੀ ਪੋਥੀਆਂ ਬੀੜਾਂ ਦਾ ਸਤਿਕਾਰ ਮਹਾਨ ਤੋਂ ਮਹਾਨ ਹੈ। ਇਹ ਰੱਬ ਦਾ ਕਿਹਾ ਹੈ। ਇਹ ਗੁਰੂ ਦਾ ਕਿਹਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਜਿਨ੍ਹਾਂ ਬੀੜ ਤਿਆਰ ਕਰਵਾਈ ਅਤੇ ਬਾਕੀ ਸਾਰੇ ਸਤਿਗੁਰੂ ਸਾਹਿਬਾਨ ਦੀ ਕਿਰਪਾ ਨੇ ਇਸ ਗੁਰਬਾਣੀ ਦਾ ਅਤਿ ਸਤਿਕਾਰ ਕਾਇਮ ਰਖਣ ਦਾ ਸਬਕ ਦਿਤਾ।

ਗੁਰੂ ਦਸਮੇਸ਼ ਤੋਂ ਬਾਅਦ ਸਿਖ ਸੰਗਠਨ ਇਕ ਦਿਨ ਸ਼ਕਤੀ ਦਾਤਾ, ਆਤਮ ਨਿਰਭਰ, ਤਿਆਗਵਾਨ ਅਤੇ ਸੁਚੇਤ ਸੰਗਠਨ ਬਣ ਗਿਆ। ਇਤਿਹਾਸ ਦੇ ਅਨੇਕਾਂ ਉਤਾਰਾਂ ਚੜ੍ਹਾਵਾਂ ਵਿਚ ਸਾਬਤ ਕਦਮ ਰਿਹਾ। ਗੁਰੂ ਦੇਵਾਂ ਦੇ ਮਹਾਨ ਆਤਮਕ ਬਲ ਸਦਕਾ ਹੀ ਇਹ ਬਲੀਦਾਨ ਦੀਆਂ ਸਿਖਰਾਂ ਛੋਹ ਗਿਆ। ~~ਹਜ਼ਾਰਾਂ ਸਾਲ ਦੇ~~ ਫੇਰ ਇਤਿਹਾਸ ~~ਵਿਚ~~ ਬਾਰ ਇਕ ਰਾਜ ਭਾਗ ਦਾ ਵਾਰਸ ਵੀ ਬਣ ਗਿਆ। ਇਸ ਸਮੇਂ ਦੁਨਿਆਵੀ ਪਦਾਰਥਾਂ ਦੀ ਬਹੁਤਾਤ ਨੇ ਗੁਰੂ ਦੇਵ ਤੋਂ ਮੁਖ ਮੋੜ ਦਿਤਾ। ਰਾਜ ਭਾਗ ਖੁਸ ਗਿਆ। ਗੁਰੂ ਅਤੇ ਗੁਰੂਬਾਣੀ ਵਲੋਂ ਮੂੰਹ ਮੁੜ ਗਿਆ। ਇਸ ਬੇਮੁਖਤਾ ਦੇ ਦੌਰ ਵਿਚ ਇਕ ਨਾਦਤ ~~ਹੋ ਗਈ ਕਿ~~ ਤਰਨ ਜੋਗ। ਹੋ ਗਏ। ਜਿਨ੍ਹਾਂ ਦੇ ਵਡੇ ਵਡੇਰੇ ਪੁਰਖੇ ਸਵੇਰੇ ਜਾਗ ਕੇ ਬਾਣੀ ਪੜ੍ਹਦੇ ਸਨ ਅਤੇ ਸ੍ਰੀ ਗਰੰਥ ਸਾਹਿਬ ਨੂੰ ਬਿਨਾ ਦੇਖੇ ਰੋਟੀ ਪਾਣੀ ਨਹੀਂ ਸਨ ਛਕਦੇ। ਉਨ੍ਹਾਂ ਦੇ ਹੀ ਪੁਤਰ ਪੋਤਰਿਆਂ ਨੇ ਧੂਪ ਦੀਪ ਜਗਾਉਣ ->

Sri Satguru Jagjit Singh Ji eLibrary NamdhariElibrary@gmail.com

ਦੀ ਗਲ ਛੱਡੋ ਉਪਰ ਸ੍ਰੀ ਗਰੰਥ ਸਾਹਿਬ ਦਰ ਭਾਰੀ ਪਾਬੰਦੀ ਦੀ ਲੱਗ ਦਿਤੀ। ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ ਤਾਂ ਬੀੜਾਂ ਦੇ ਪਾਠਨ ਪੜ੍ਹਨਿਆਂ ਨੂੰ ਭੂਤੇ ਟੁਕੜੇ ਰਹੇ। ਜਪੁਜੀ ਜਾਂ ਰਹਿਰਾਸ ਆਪ ਤਾਂ ਪੜ੍ਹਨਾ ਛੱਡ ਦਿਤਾ ਜੇ ਕੋਈ ਹੋਰ ਪੜ੍ਹਦਾ ਸੀ ਤਾਂ ਉਸਨੂੰ ਅਧੋਰ ਕੀਤਾ ਜਾਂਦਾ ਸੀ। ਖਾਣ ਪੀਣ ਅਤੇ ਆਜ਼ਾਦੀ ਦਾ ਰੋਗ ਲਗ ਗਿਆ ਸੀ।

ਆਗ ਜਿਨਕੇ ਬੋਲਤੇ ਬਾਣੀ ਪੜ੍ਹਤੇ ਸਵੇਰੇ
ਗੁਰੂ ਗ੍ਰੰਥ ਬਿਨ ਹੋਰ ਅੰਨ ਜਲਪਾਨ ਨਾ ਕਰੈਂ।
ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਚਲਾਵਤੀ
ਪਾਠ ਹੈ ਨ ਭਾਰੀ ਸੂਲ ਖਾਤ ਗ੍ਰੰਥ ਕੇ ਪੜੈਂ।
ਜਪੁਜੀ ਨ ਰਹਰਾਸ ਸੁਨੈ ਪੜ੍ਹੇ ਕਹੀ ਆਸ
ਔਰ ਪੜ੍ਹਤ ਜੋ ਪਾਸ ਹਾਸ ਤਿਨ ਸੋਂ ਗਹੈ
ਕਹਾਂ ਲੋਕ ਬਹਿਗ ਹੈ ਗਹਿਗਾ ਪ੍ਰਕਾਰੈ ਸੋ ਤੋ
ਸਹਿਗਾਂ ਸੋ ਜਾਇ ਕੁਕਮੇ ਰਖ੍ਰਾਇ ਸੋ ਤਰੇ।

ਇਸ ਹਾਲਤ ਨੂੰ ਕਿਸ ਤੋੜਿਆ? ਸਤਿਗੁਰੂ ਨੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਦੈ ਇਵੇਂ ਸੀ ਜਿਵੇਂ ਕਾਲੀ ਬੋਲੀ ਰਾਤ ਪਿਛੋਂ ਸੂਰਜ ਉਦੈ ਹੋਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਦਾ ਡੰਕਾ ਵਜਾ ਕੇ ਦਿਤਾ। ਪਿੰਡ ਪਿੰਡ ਜਾ ਕੇ ਸ੍ਰੀ ਗੁਰੂ ਬਾਣੀ ਦੀਆਂ ਬੀੜਾਂ ਲਭ ਲਭ ਕੇ ਆਪਣੀ ਦਸਤਾਰ ਨਾਲ ਝਾੜ ਪੂੰਝ ਕੇ ਉਹਨਾਂ ਦਾ ਪ੍ਰਕਾਸ਼ ਕਰਵਾਇਆ। ਅਸਲ ਵਿਚ ਆਧੁਨਿਕ ਸਮੇਂ ਵਿਚ ਗੁਰਬਾਣੀ ਅਤੇ ਸ੍ਰੀ ਗਰੰਥ ਸਾਹਿਬ ਦਾ ਜੋ ਮਾਨ ਸਤਿਕਾਰ ਅਜ ਦਿਸ ਰਿਹਾ ਹੈ ਇਸ ਦੀ ਸਾਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹੀ ਜਾਂਦੀ ਹੈ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਉਸ ਸਮੇਂ ਦਾ ਵਰਨਣ ਕਰਦੇ ਹਨ

—>

Sri Satguru Jagjit Singh Ji eLibrary NamdhariElibrary@gmail.com

ਰਸਨ ਕਹੈਂ ਤੂੰ ਭੋਗ ਗ੍ਰੰਥ ਜੀ ਕੇ ਪੈਂਤੀ ਵਾਰ
ਸੰਗਤੋਂ ਕੇ ਕੱਠ ਬੈਠੇ ਬੈਠੇ ਰਟਨਾ ਸਾਰੀ।
ਇਕ੍ਹ ਲਾਖ ਕਹਿ ਤੂੰ ਸ੍ਰੀ ਵੇਦ ਦੇਸ ਰਾਤ ਰੀਤੈ
ਵਾਹਿਗੁਰੂ ਨਾਮ ਮੰਤ੍ਰ ਰਾਖੈਂ ਰਸਨਾ ਧਰੀ।

ਜੇ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੀਤਿਆ ਆਸਰ, ~~[illegible]~~ ਸੁਖੇਨ ਇਸ਼ਨਾਨ ਅਤੇ ਹਵਨ ਜੱਗ ਦੀ ~~[illegible]~~ ਸਿਫਤ ਤਾਂ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਹੀ ਕਰ ਦਿਤੀ ਸੀ।

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਹੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਹੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤ ਸਤ ਚਟੇ ਸਿਰਿ ਛਾਈ ॥

— ਪੰਨਾ ੧੫੦

ਥੋੜ੍ਹੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦੇ ਪਰਚਾਰ ਅਤੇ ਸਤਿਕਾਰ ਲਈ ਜੋ ਕਾਰਜ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੇ ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤੇ ਜਾ ਸਕਦੇ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਉਹ ਤੁਕਾਂ ਸੁਣ

>

ਸਾਵਣ ਦਾ ਰਿਤੂਆਂ ਜੋ ਸ੍ਰੀ ਅਨੰਦ ਸਾਹਿਬ ਵਿਚ ਦਰਜ ਹਨ

ਦੁਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਬਾਅਦ ਬਦੇਸ਼ੀ ਸਰਕਾਰ ਵਲੋਂ ਜੋ ਸਖਤੀਆਂ ਗੁਰੂ ਹਰੀ ਸਿੰਘ ਜੀ ਅਤੇ ਸਿੰਘਾਂ ਉਪਰ ਕੀਤੀਆਂ, ਗਈਆਂ ਉਹ ਬਹੁਤ ਹੀ ਦਰਦਨਾਕ ਇਤਿਹਾਸ ਹੈ। ਇਸ ਸਮੇਂ ਤਾਂ ਸਾਧ ਸੰਗਤ ਦੇ ਇਕੱਠੇ ਹੋਣ ਅਤੇ ਪਾਠ ਕਰਨ ਤੇ ਵੀ ਪਾਬੰਦੀਆਂ ਸਨ। ਇਸ ਔਖੇ ਸੰਕਟ ਦੇ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸਿੰਘਾਂ ਨੇ ਹਰ ਰੋਜ਼ ਇਹ ਅਖੰਡ ਪਾਠ, ਸਾਧਾਰਨ ਪਾਠ, ਦਸਮ ਗ੍ਰੰਥ ਸਾਹਿਬ ਦੇ ਪਾਠ ਅਤੇ ਨਾਮ ਸਿਮਰਨ ਕਿਸੇ ਨਾ ਕਿਸੇ ਤਰ੍ਹਾਂ ਜਾਰੀ ਰੱਖੇ। ਸ੍ਰੀ ਭੈਣੀ ਸਾਹਿਬ ਇਕ ਭੋਰੇ ਵਿਚ ਪਾਠ ਕਰਦੇ ਰਹਿੰਦੇ ਸਨ। ਅਤੇ ਜਦ ਇਕ ਵਾਰ ਪੁਲਿਸ ਦਾ ਛਾਪਾ ਪਿਆ ਤਾਂ ਇਹ ਪਾਠ ਦੂਸਰੇ ਥਾਂ ਭੋਰੇ ਦੇ ਉਸੇ ਤੁੱਕ ਤੋਂ ਅਗੇ ਪਾਠ ਆਰੰਭ ਕੀਤਾ ਗਿਆ।

ਇਤਿਹਾਸ ਦੇ ਏਸੇ ਦੌਰ ਵਿਚ ਪਵਿੱਤਰ ਧਰਮ ਗ੍ਰੰਥ ਦੇ ਸ਼ਬਦਾਂ ਦੀ ਤਾਦਾਦ ਵਿਚ ਜੋ ਪਾਠ ਹੋਏ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਿਆਈ ਕਾਲ ਵਿਚ ਹੋਏ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਦੇ ਵਲ ਸਦਾ ਸਦਾ ਸ਼ੁਭ ਪਾਠ ਆਦਿ ਹੁੰਦੇ ਹੋਏ। ਇਸ ਤੋਂ ਇਲਾਵਾ ਅਖੰਡ ਪਾਠ ਅਤੇ ਦਸਮ ਗ੍ਰੰਥ ਦੇ ਪਾਠ ਅਣਗਿਣਤ ਹੋਏ। ਘਰਾਂ ਦੇ ਸਮਾਗਮਾਂ ਅਤੇ ਅਨੰਦ ਕਾਰਜਾਂ ਮੌਕੇ ਵੀ ਪਾਠ ਕਰਨਾ ਜ਼ਰੂਰੀ ਹੋ ਗਿਆ। ਹੋਲੀ ਦੀ ਵਲ, ਭਜਨ ਸਿਮਰਨ ਦੀਆਂ ਵਰਸੀਆਂ ਦਸ ਜੋੜ ਸਮਾਗਮਾਂ ਦੀ ਇਕ ਲੰਮੀ ਸੂਚੀ ਬਣ ਸਕਦੀ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੇ ਅਤੇ ਆਪਣੇ ਸਿੰਘਾਂ ਤੋਂ ਕਰਵਾਏ >

>

Sri Satguru Jagjit Singh Ji eLibrary NamdhariElibrary@gmail.com

ਏਕਤਾਮਈ ਪ੍ਰੇਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ। ਇਹ ਪ੍ਰੇਮਮੁਖੀ ਵਿਕਾਸ ਦਾ ਪ੍ਰੇਮ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਉਸ ਸਮੇਂ ਹੋਇਆ ਜਦ ਆਪ ਦਾ ਪਰਿਵਾਰ ਆਜ਼ਾਦੀ ਸੰਗਰਾਮ ਚੱਲੀ ਆ ਰਹੀ ਸੀ। ਆਪਨੇ ਬਚਪਨ ਜੀਵਨ ਵਿਚ ਉਮਰ ਦੇ ਮੁੱਢਲੇ ਸਾਲ ਗੁਜ਼ਾਰੇ, ਸਮੁੱਚੇ ਦੇਸ਼ ਦੇ ਬੱਚੇ ਜੀਵਨ ਨੂੰ ਵੀ ਵੇਖਿਆ, ਆਜ਼ਾਦੀ ਦਾ ਅੰਤ ਸੰਘਰਸ਼ ਵੀ ਵੇਖਿਆ, ਆਜ਼ਾਦੀ ਦੀ ਪ੍ਰਾਪਤੀ ਵੀ ਵੇਖੀ, ਭਿਆਨਕ ਵਿਗਾੜ ਦੇ ਸਮੇਂ ਤੋਂ ਵੀ ਲੰਘੇ ਅਤੇ ਬੇਅੰਤ ਵਿਕਾਸ ਦੇ ਦੌਰ ਨੂੰ ਵੀ ਵੇਖਿਆ ਹੈ। ਹਰ ਪ੍ਰਕਾਰ ਦੀ ਦੁਖ ਸੁਖ ਦੀ ਸਥਿਤੀ ਵਿਚ ਆਪ ਸੰਪੂਰਨ ਬ੍ਰਹਮ ਗਿਆਨੀ ਵਾਂਗ ਨਿਰਲੇਪ ਰਹੇ ਹਨ। ਅਧਿਆਤਮਕ ਅਤੇ ਸੰਸਾਰਕ ਵਿਰਾਸਤ ਵਜੋਂ ਆਪ ਪੁਰਾਤਨ ਸਮਾਨ ਸਤਿਗੁਰੂ ਸਾਹਿਬਾਨ ਦੀ ਸੰਗਤੀ ਨਾਲ ਜੁੜੇ ਹੋਏ ਹਨ। ਉਹਨਾਂ ਦਾ ਅਧਿਆਤਮਕ ਚਿੰਤਨ ਆਪ ਦਾ ਖਜ਼ਾਨਾ ਹੈ। ਆਪ ਸਭ ਤੋਂ ਅਤੇ ਦੁੱਖ ਦਰਦ ਦੇ ਇਸ ਦੌਰ ਵਿਚ ਰਾਹਨੁਮਾਈ ਦੇ ਰਹੇ ਹਨ। ਜੇਕਰ ਕਾਲ ਸਮੇਂ ਤਾਂ ਰੱਬ ਬਾਣੀਆਂ ਨੂੰ ਯਾਦ ਆਉਂਦਾ ਹੈ। ਔਖਾ ਵਕਤ ਵੇਲੇ ਭੁਲ ਜਾਂਦਾ ਹੈ। ਦੁਨਿਆਵੀ ਸੁਖ ਸਦਾ ਹੀ ਮਨੁੱਖ ਦੇ ਰਸਾਤਲ ਵਲ ਜਾਣ ਦਾ ਕਾਰਨ ਬਣਿਆ। ਅਜਿਹੇ ਵੇਲੇ ਸੰਭਾਲ ਕਰਨਾ ਕਿਸੇ ਪੂਰੇ ਸਤਿਗੁਰੂ ਸੂਰਮੇ ਦਾ ਹੀ ਕੰਮ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁਖ ਨਿਸ਼ਾਨਾ ਹਰ ਬਾਲ ਨੌਜਵਾਨ ਬਿਰਧ ਨੂੰ ਆਪਣੇ ਅਧਿਆਤਮਕ ਅਤੇ ਸਦਾਚਾਰਕ ਵਿਰਸੇ ਨਾਲ ਜੋੜਨਾ ਹੈ। ਵਿਸ਼ੇਸ਼ ਵਿਗਿਆਨ ਦਾ ਕੇਂਦਰ ਸੰਗੀਤ ਰਿਹਾ ਹੈ। ਜਿਥੇ ਆਪ ਜੀ ਨੇ ਰਾਗੀਆਂ, ਸ੍ਰੀ ਭੈਣੀ ਸਾਹਿਬ, ਮਲੇਰਕੋਟਲਾ, ਅੰਮ੍ਰਿਤਸਰ, ਲੁਧਿਆਣਾ ਆਦਿਕ ਵਿਦਿਆਲਯ ਬਾਰਾਂ ਤੇ ਪੇਸ਼ੇਵਰ ਸਿਖਲਾਈ ਰਾਹੀਂ ਆਉਂਦੇ ਹਨ ਉਥੇ ਬਾਹਰ ਸਾਰੀਆਂ ਥਾਵਾਂ ਤੇ ਨਾਮ ਸਿਮਰਨ ਰੀਤਾਂ ਅਤੇ ਦਰਸ਼ਨੀਆਂ ਆਪ ਦੇ ਅਨੇਕ ਵਰਦਾਨੀਆਂ ਹਨ। ਸੰਗੀਤਕਾਰਾਂ ਰੀਤਾਂ ਮੌਤਾਂ ਰੀਤਾਂ ਟੋਪਾਂ ਦੀ ਤਿਆਰੀ,

>

ਸੰਗੀਤ ਸਿਖਿਆ ਉਤੇ ਹੋਣ ਵਾਲਿਆਂ ਦਾ ਖਰਚਾ, ਨਾਮਧਾਰੀ ਵਿਚਾਰ ਸੰਮੇਲਨਾਂ ਦੇ ਸਾਲਾਨਾ ਆਯੋਜਨ ਅਤੇ ਹੋਰ ਬਹੁਤ ਸਾਰੀਆਂ ਸਰਗਰਮੀਆਂ ਵਿਚੋਂ ਪਤਾ ਲਗਦਾ ਹੈ ਕਿ ਇਹ ਵਰਗ ਸਭਿਆਚਾਰ ਦਾ ਪਾਲਣ ਕਰਨਾ ਅਤੇ ਸੰਗਤ ਵਿਚ ਰਹਿਣਾ ਸਿਖ ਜਾਵੇ। ਸਗੋਂ ਭਾਰਤੀ ਰਾਗਾਂ ਅਤੇ ਗੁਰਮਤਿ ਨਿਯਮਾਵਲੀ ਅਨੁਸਾਰ ਗੁਰਬਾਣੀ ਦੇ ਕੀਰਤਨ ਵਾਸਤੇ ਆਪ ਜੀ ਨੇ ਅਣਥਕ ਖਰਚ ਖੇਚਲ ਕਰਕੇ ਨੌਜਵਾਨਾਂ ਨੂੰ ਇਸ ਵਿਚ ਪਾਰੰਗਤ ਕੀਤਾ ਹੈ। ਇਹ ਸਾਰਾ ਕੁਝ ਸਾਡੇ ਮਹਾਨ ਸਤਿਗੁਰੂ ਸਾਹਿਬਾਨ ਦਾ ਹੁਕਮ ਸੀ ਆਪ ਜੀ ਨੇ ਪਾਲਣ ਗੁਰਬਾਣੀ ਗਾਵਹੁ ਭਾਈ ਰੂਪ ਵਿਚ ਦਿਤਾ ਉਨ੍ਹਾਂ ਨੂੰ ਦੋਵਾਂ ਤਰ੍ਹਾਂ ਹੀ ਤਰੀਕੇ ਨਾਲ ਪਰਿਵਾਰ ਦਾ ਜਤਨ ਹੈ।

ਗੁਰਬਾਣੀ ਦੀ ਸਾਰੀ ਮਹੱਤਤਾ ਹੀ ਖਤਮ ਹੋ ਜਾਂਦੀ ਹੈ ਜੇ ਉਹ ਅਸ਼ੁੱਧ ਉਚਾਰੀ ਜਾਵੇ। ਇਸ ਵਿਚ ਵਰਤੀਆਂ ਗਈਆਂ ਲਗਾਂ ਮਾਤਰਾਂ ਦੀ ਆਪਣੀ ਮਹੱਤਤਾ ਹੈ। ਸਿਖ ਇਤਿਹਾਸ ਵਿਚ ਵਰਨਣ ਹੈ ਕਿ ਸਿਖ ਕੋਲੋਂ ਗੁਰਬਾਣੀ ਸੁਣ ਕੇ ਇਕ ਗੁਰੂ ਸਾਹਿਬ ਨੇ ਆਪਣੀ ਗੁਰਗੱਦੀ ਉਸ ਨੂੰ ਸੌਂਪ ਦੇਣ ਦਾ ਮਨ ਬਣਾ ਲਿਆ ਸੀ ਅਤੇ ਇਕ ਗੁਰੂ ਸਾਹਿਬ ਨੇ ਗੁਰਬਾਣੀ ਦਾ ਪਾਠ ਸੁਣ ਕੇ ਇਕ ਸਿਖ ਨੂੰ ਚਪੇੜਾਂ ਮਰਵਾਈਆਂ ਸਨ। ਗੁਰਬਾਣੀ ਸੁਣਨ ਤੇ ਦੋ ਉਲਟੇ ਪ੍ਰਤੀਕਰਮ ਕਿਉਂ? ਕਾਰਨ ਸ਼ੁਧਤਾ ਅਤੇ ਅਸ਼ੁਧਤਾ ਸੀ। ਗੁਰੂ ~~ਨਾਨਕ~~ ਹਰਿਗੋਬਿੰਦ ਸਾਹਿਬ ਨੇ ਜਪੁਜੀ ਸਾਹਿਬ ਦਾ ਲਗਾਂ ਮਾਤਰਾਂ ਤਕ ਸ਼ੁੱਧ ਪਾਠ ਸਰਵਣ ਕੀਤਾ ਤਾਂ ਉਹ ਗਦੀ ਦੇਣ ਨੂੰ ਤਿਆਰ ਹੋ ਗਏ। ਸਿਖ ਦਾ ਸੰਕਲਪ ਘੋੜਾ ਭੇਟ ਦਾ ਸੀ ਉਹ ਉਸ ਨੂੰ ਦੇ ਦਿਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਇਕ ਲਾਵ ਦੇ ਫਰਕ ਕਾਰਨ ਚਪੇੜਾਂ ਮਰਵਾਈਆਂ। ਜਿਸ ਨੇ ਤੁਕ ਪੜ੍ਹੀ

" ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ "

ਜਿਸ ਦਾ ਅਰਥ ਇਹ ਬਣਦਾ ਹੈ ਕਿ "ਕਰਤਾ ਪੁਰਖ ਈਸ਼ਵਰ ਦੀ ਗਤ ਕਰਤਾ ਪੁਰਖ ਹੀ ਜਾਣਦਾ ਹੈ ਗੁਰੂ ਸੂਰਮੇ ਨੂੰ ਕੀ ਪਤਾ ਹੈ?" >

Sri Satguru Jagjit Singh Ji eLibrary NamdhariElibrary@gmail.com

ਜਾਵੇਂ ਕਿ ਅਸਲ ਵਿਚ ਤੁਰਦਾ ਹੈ

"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ"

ਇਸ ਦਾ ਅਰਥ ਹੈ ਕਿ ਕਰਤਾਪੁਰਖ ਈਸ਼ਵਰ ਦੀ ਗਤ ਜਾਂ ਕਰਤਾ ਪੁਰਖ ਜਾਣਦਾ ਹੈ ਜਾਂ ਗੁਰੂ ਸੂਰਮਾ ਜਾਣਦਾ ਹੈ।

ਅਜ ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਛੋਟੇ ਛੋਟੇ ਧਾਰਮਕ ਅਸਥਾਨਾਂ ਤੇ ਵੀ ਗੱਦੀ ਇਕ [illegible] ਦੇ ਅਧਿਕਾਰ ਨਹੀਂ ਸਾਰੀ ਸੰਪਰਦਾਈ ਗਰਕ ਪਏ ਜਾਂਦੇ ਹਨ। ਗੁਰੂ ਸਾਹਿਬ ਦੀ ਵੰਸ਼ ਦਾ ਸਤਿ ਤੇ ਅਦਾ ਕੀ ਸਾਹਿਆ ਜਾ ਸਕਦਾ ਹੈ।

ਇਸੇ ਕਰਕੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਪਿਛਲੀਆਂ ਗੱਦੀਆਂ ਦਾ ਸੁੰਦਰ ਉਦਾਹਰਣ ਪੇਸ਼ ਕਰਨ ਤੋਂ ਹੀ ਸ਼ੁਰੂ ਕਰਦਿਆਂ ਦਸ ~~ਵਿਆਖਿਆਨ~~ ਵਿਚਾਰ ਵਿਆਖਿਆਨ ਕੀਤੇ ਹਨ। ਆਮ ਕਥਾਵਾਂ ਚਲਦੀਆਂ ਹਨ। ਇਤਿਹਾਸਕ ਸੋਮਿਆਂ ਅਤੇ ਹੋਰ ਵਡੇ ਗ੍ਰੰਥਾਂ ਤੇ ਸ਼ੁਧ ਪਾਠ ਸੁਣਾਕੇ ਕਰਮ ਦੇ ਸੇਤੂਆਂ ਤੋਂ ਆਪ ਸਨਮਾਨ ਕੀਤੇ ਜਾਂਦੇ ਹਨ। ਹਜ਼ੂਰੀ ਗੱਦੀਆਂ ਦੇ ਉਦਾਹਰਣ ਦੇਣ ਦੀ ਕਿਸੇ ਕਿਸੇ ਆਤਮਾ ਦਾ ਵਿਆਖਿਆਨ ਕੀਤਾ ਜਾਂਦਾ ਹੈ।

ਸਤਿਗੁਰੂ ਸਭਿਆਚਾਰ ਪਰਿਪੂਰਨ ਹੁੰਦਾ ਹੈ। ਭਾਵ ਉਹ ਸਭਿਆਚਾਰ ਵਿਚ ਉੱਤਮ ਪੁਰਖ ਹੁੰਦਾ ਹੈ। ਸਤਿਗੁਰੂ ਆਦਰਸ਼ ਪੁਰਖ ਵੀ ਹੁੰਦਾ ਹੈ। ਮਨੁੱਖ ਕਿਹੋ ਜਿਹਾ ਹੋਵੇ, ਉਸ ਜੀਵਨ ਦਾ ਨਮੂਨਾ ਸਤਿਗੁਰੂ ਹੁੰਦਾ ਹੈ। ਸਤਿਗੁਰੂ ਵਿਧੀ ਵਿਧਾਨ ਦਾ ਸੁਤੰਤਰ ਸ਼ਾਸਕ ਅਤੇ ਅਧਿਕਾਰੀ ਹੁੰਦਾ ਹੈ। ਉਹ ਕਿਸੇ ਦੇ ਅਧੀਨ ਨਹੀਂ ਹੁੰਦਾ। ਸਤਿਗੁਰੂ ਦਾ ਹੁਕਮ, ਬਚਨ ਹੀ ਇਹ ਵਿਧੀ ਵਿਧਾਨ ਹੁੰਦਾ ਹੈ। ਸਤਿਗੁਰੂ ਦਾ ਦਰਜਾ ਉਸ ਦਾ ਆਦਰ ਤੇ ਸੇਵਾਂ ਦਾ ਪਾਤਰ ਅਧਿਕਾਰੀ ਹੁੰਦਾ ਹੈ। ਸਤਿਗੁਰੂ ਦੀ ਬੋਲ ਬਾਣੀ, ਬਾਣਾ, ਨਿਤਨੇਮ, ਅਧਿਆਤਮਕ ਅਤੇ ਦੁਨਿਆਵੀ ਸਰਗਰਮੀਆਂ ਬਾਰੇ ਨਿਰਦੇਸ਼ ਸਭ ਕੁਝ ਹੀ ਸਿਖ ਵਾਸਤੇ ਇਕ ਸੇਵਾ ਹੁੰਦਾ ਹੈ। ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਸਤਿਗੁਰੂ ਦੇ ਹੁਕਮ ਨਾਲ ਹੀ ਨਵੀਆਂ ਸਾਨਦਾਰ ਸਭਾਪਤ ਹੋਈਆਂ ਗਈਆਂ ਅਤੇ ਪੁਰਾਣੀਆਂ ਹਟਾਈਆਂ ਗਈਆਂ। ਕਿਸੇ ਸਮੇਂ ਗੁਰੂ ਸਾਹਿਬਾਨ ਨੂੰ ਸੇਲੀ ਟੋਪੀ ਦਿੱਤੀ ਜਾਂਦੀ ਸੀ। ਅਜ ਦਸਤਾਰ ਜ਼ਰੂਰੀ ਹੈ। ਕਿਸੇ ਸਮੇਂ ਗੁਰੂ ਦੇ ਚਰਨਾਂ ਨੂੰ ਧੋ ਕੇ ਆਮ ਪੀਣਾ, ਅੰਮ੍ਰਿਤ ਛਕਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਤੋਰੀ। ਇਹ ਪਹਿਲਾਂ ਤੇ ਗੁਰੂ ਦੇ ਦਰ ਵਿਚ ਸੀ। ਅੱਜ ਦੇ ਅੰਮ੍ਰਿਤ ਦੀ ਸਾਖੀ ਸੁਣਦੀ ਤਾਂ ਗੁਰੂ ਦੇ ਦਰ ਵਿਚ ਹੈ। ਪਾਠ, ਨੇਮ ਜੱਗ, ਸਿਮਰਨ ਕੀਰਤਨ, ਪਹਿਰਾਵਾ, ਖਾਣਪਾਣ, ਅਤੇ ਹੋਰ ਕਈ ਰੀਤਾਂ ਸਿਖ ਵਾਸਤੇ ਇਸ ਕਰਕੇ ਜ਼ਰੂਰੀ ਹਨ ਕਿਉਂਕਿ ਇਹ ਗੁਰੂ ਦਾ ਹੁਕਮ ਹੈ। ਇਹਨਾਂ ਪਿਛੇ ਜੋ ਤਾਕਤ ਹੈ ਉਹ ਸਤਿਗੁਰੂ ਸਾਹਿਬ ਹੈ। ਉਹ ਕਿਵੇਂ ਵੀ ਰਖੇ ਭਾਵੇਂ ਨਾ ਰੱਖੇ। ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਦੇ ਹੁਕਮ ਨੂੰ ਈਮਾਨਦਾਰੀ ਨਾਲ ਤਨਦੇਹੀਆਂ ਹੋ ਕੇ ਅਮਲ ਵਿਚ ਲਿਆਵੇ। ਇਸ ਗੱਲ ਦੀ ਵਿਆਖਿਆ ਵਿਚ ਗ੍ਰੰਥਾਂ ਦੇ ਗ੍ਰੰਥ ਲਿਖੇ ਜਾ ਸਕਦੇ ਹਨ। ਪਰ ਜੋ ਵੱਡਾ ਇਤਿਹਾਸ ਹੈ →

ਵਿਚਾਰ ਸੰਤ ਮਹਾਂਪੁਰਸ਼ਾਂ ਦੇ ਮੂੰਹ ਤੋਂ ਸੁਣਦੇ ਹਨ। ਇਹ ਸਭ ਕੁਝ ਤਾਂ ਦਿਖਾਵਿਆਂ ਹਨ। ~~ਮਾਲਾ~~ ਉੱਤਮ ਹੈ ਗੁਰੂ ਦੀ ਸਿੱਖਿਆ ਉੱਤੇ ਅਮਲ ਕਰਨਾ। ਇਸ ਵਾਸਤੇ ਹੀ ਗੁਰੂ ਤੋਂ ਕਿਰਪਾ ਦੀ ਯਾਚਨਾ ਕਰਨੀ। ਗੁਰੂ ਦਾ ਬਣਿਆ ਇਕ ਸੁੰਦਰ ਪ੍ਰਾਣੀ ਦੇ ਕਿਰਦਾਰ ਯੋਗ ਬਣਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ 'ਜਪੁਜੀ' ਵਿਚ ~~ਬਾਣੀ~~ ਉਚਾਰਦੇ ਹਨ, 'ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ'।

ਇਹ ਗਲ ਤਾਂ ਸਾਧਾਰਨ ਆਦਮੀ ਵੀ ਸਮਝਦਾ ਹੈ ਕਿ ਬਗੀਆ ਤੋਂ ਬਗੀਆ ਫੁੱਲ ਪਾਉਣ ਵਾਸਤੇ ਤਾਂ ਤਾਂ ਖਾਦ ਪਾ ਕੇ ਸੁੰਦਰ ਬੀਜ ਲਾਇਆ, ਬਗੀਚਿਆਂ ਜੋ ਵੀ ਤਾਂ ਜੇ ਦੁੱਧ ਠੀਕ ਕੇ ਨਾ ਸਿੰਜੀਏ ਤਾਂ ਉਹ ਨੁਕਸਾਨ ਕਰੇਗਾ, ਇਵੇਂ ਹੀ ਇਨਸਾਨ ਨੂੰ ਆਪਣਾ ਮਨ ਸੁੰਦਰ ਕਰਕੇ ਰੱਖਣਾ ਹੋਵੇਗਾ ਤਦ ਹੀ ਗੁਰੂ ਦਾ ਸੁੰਦਰ ਅਸਰ ਹੋਵੇਗਾ। ਇਸ ਮਨ ਦੀ ਸ਼ੁੱਧੀ ਵਾਸਤੇ ਹੀ ਗੁਰੂ ਦੀ ਲੋੜ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ। ਆਪ ਸਤਜੁਗੀ ਵਰਤਾਰੇ ਸਿੱਖਾਂ ਨੂੰ, ਨਾਮ ਸਿਮਰਨ, ਗੁਰਬਾਣੀ ਅਤੇ ਸਦਾਚਾਰ ਨਾਲ ਜੋੜ ਕੇ ਰੱਖਦੇ ਹਨ। ਗੁਰਬਾਣੀ ਦੇ ਪਾਠਾਂ ਦਾ ਆਪ ਜੀ ਦਾ ਖਾਸ ਹੁਕਮ ਹੈ। ਇਸੇ ਵਾਸਤੇ ਆਪ ਜੀ ਬਹੁਤ ਸੁੰਦਰ ਅਤੇ ਉੱਤਮ ਉਪਾਧੀ ਸਹਿਤ ਦਰਬਾਰ ਨਾਮਧਾਰੀ ਇਤਿਹਾਸ ਦੇ ਗੌਰਵ ਤਿਆਗ ਕੁਰਬਾਨੀਆਂ ਦਾ ਉਦਾਹਰਨ ਸਿਖਰਾਂ ਨੂੰ ਛੋਹੇ ਹਨ। ਨਾਮਧਾਰੀ ਇਤਿਹਾਸ ਦਾ ਸਦਾ ਸੰਸਾਰ ਪ੍ਰਕਾਸ਼ਤ ਕਰਦਿਆਂ ਅਰਦਾਸ ਹੈ ਕਿ ਸਤਿਗੁਰੂ ਜੀ ਆਪ ਹੀ ਕਿਰਪਾ ਕਰਕੇ ਆਪਣਾ ਹੁਕਮ ਸਾਡੇ ਮਨਾਂ ਤੇ ਵਸਾਉਣ, ਸਾਡੀਆਂ ਭੁੱਲਾਂ ਚੁੱਕਾਂ ਨੂੰ ਵੀ ਖਿਮਾ ਕਰਨ

ਜਸਵੀਰ ਸਿੰਘ ਦਰਿਆਪੁਰ

Sri Satguru Jagjit Singh Ji eLibrary NamdhariElibrary@gmail.com